**PSPCL** | **Punjab State Power Corporation Limited**

ਦਫ਼ਤਰ: ਮੁੱਖ ਇੰਜ/ਐਚ.ਆਰ.ਡੀ. (ਭਰਤੀ ਭਾਗ), ਪਟਿਆਲਾ

## ਜਨਤਕ ਸੂਚਨਾ

ਵਿਸ਼ਾ: **ਸੀਆਰਏ 299/22 ਅਧੀਨ ਸਹਾਇਕ ਲਾਈਨਮੈਨ ਦੀਆ ਵਿਗਿਆਪਤ 2000 ਆਸਾਮੀਆਂ ਵਿਰੁੱਧ ਆਨਲਾਈਨ ਪ੍ਰੀਖਿਆ ਸਬੰਧੀ।**

ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੀਆਰਏ 299/22 ਅਧੀਨ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਮਿਤੀ 07.10.2022 ਨੂੰ ਆਨਲਾਈਨ ਪ੍ਰੀਖਿਆ ਕੰਡਕਟ ਕਰਵਾਈ ਜਾਵੇਗੀ। ਜਿਸ ਸਬੰਧ ਵਿਚ ਫ਼ਾਈਨਲ ਈ-ਐਡਮਿਟ ਕਾਰਡ (ਰੋਲ ਨੰਬਰ) ਇਮਤਿਹਾਨ ਦੀ ਮਿਤੀ ਤੋਂ 72 ਘੰਟੇ ਪਹਿਲਾਂ ਰਜਿਸਟਰਡ ਉਮੀਦਵਾਰਾਂ ਦੀ ਰਜਿਸਟਰਡ ਈ-ਮੇਲ ਆਈ.ਡੀ. ਤੇ ਭੇਜਿਆ ਜਾਵੇਗਾ। ਈ-ਐਡਮਿਟ ਕਾਰਡ ਪੀਐਸਪੀਸੀਐਲ ਦੀ ਵੈਬਸਾਈਟ www.pspcl.in ਹੇਠ ਰਿਕਰੂਟਮੈਂਟ ਲਿੰਕ(Recruitment) ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਫ਼ਿਰ ਵੀ ਜੇਕਰ ਕਿਸੇ ਉਮੀਦਵਾਰ ਨੂੰ ਉਸਦਾ ਈ-ਐਡਮਿਟ ਕਾਰਡ ਪ੍ਰਾਪਤ ਨਹੀਂ ਹੁੰਦਾ ਜਾਂ ਉਕਤ ਆਸਾਮੀਆਂ ਲਈ ਈ-ਐਡਮਿਟ ਕਾਰਡ ਸਬੰਧੀ ਕੋਈ ਹੋਰ ਪੁੱਛਗਿੱਛ ਹੋਵੇ ਤਾਂ ਉਹ ਹੇਠ ਦਰਸਾਈ ਸਮਾਂ ਸੂਚੀ ਅਨੁਸਾਰ ਪੀਐਸਪੀਸੀਐਲ ਦੁਆਰਾ ਸਥਾਪਿਤ ਕੀਤੇ ਕਿਸੇ ਵੀ ਨੇੜਲੇ ਸੁਵਿਧਾ ਕੇਂਦਰ ਵਿਖੇ **ਮਿਤੀ 06.10.2022 ਨੂੰ ਸਵੇਰੇ 10:00 ਵਜੇ ਤੋ 02:00 ਵਜੇ ਤੱਕ** ਪੁੱਛਗਿੱਛ ਕਰ ਸਕਦਾ/ਸਕਦੀ ਹੈ: -

ਪੀਐਸਪੀਸੀਐਲ ਦੇ ਨੁਮਾਇੰਦੇ ਹੇਠ ਦਰਸਾਏ ਸਮੇਂ ਅਤੇ ਸਥਾਨ ਤੇ ਸੁਵਿਧਾ ਕੇਂਦਰਾਂ ਤੇ ਉਪਸਥਿੱਤ ਹੋਣਗੇ: -

| ਕ੍ਰਮ ਨੰ. | ਸ਼ਹਿਰ | ਮਿਤੀ ਅਤੇ ਸਮਾਂ | ਸੁਵਿਧਾ ਕੇਂਦਰ ਦਾ ਪਤਾ |
|---|---|---|---|
| 1 | ਅੰਮ੍ਰਿਤਸਰ | ਮਿਤੀ 06.10.2022 ਨੂੰ ਸਮਾਂ 10:00 ਵਜੇ ਤੋ ਸ਼ਾਮ 02:00 ਵਜੇ ਤੱਕ | ਮੁੱਖ ਇੰਜ:/ਡੀ.ਐਸ., ਬਾਰਡਰ ਜ਼ੋਨ, ਅਜਨਾਲਾ ਰੋਡ, ਨੇੜੇ ਪੈਂਥਰ ਏਅਰ ਫ਼ੋਰਸ ਸਟੇਸ਼ਨ, ਪੀਐਸਪੀਸੀਐਲ, ਅੰਮ੍ਰਿਤਸਰ। |
| 2 | ਜਲੰਧਰ | | ਮੁੱਖ ਇੰਜ:/ਡੀ.ਐਸ., ਨਾਰਥ ਜ਼ੋਨ, ਸ਼ਕਤੀ ਸਦਨ, ਨੇੜੇ ਲਆਲਪੁਰ ਖ਼ਾਲਸਾ ਕਾਲਜ, ਪੀਐਸਪੀਸੀਐਲ, ਜਲੰਧਰ। |
| 3 | ਲੁਧਿਆਣਾ | | ਮੁੱਖ ਇੰਜ:/ਡੀ.ਐਸ., ਕੇਂਦਰੀ ਜ਼ੋਨ, ਸਾਹਮਣੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਸਰਾਭਾ ਨਗਰ, ਪੀਐਸਪੀਸੀਐਲ, ਲੁਧਿਆਣਾ । |
| 4 | ਬਠਿੰਡਾ | | ਮੁੱਖ ਇੰਜ:/ਡੀ.ਐਸ., ਪੱਛਮ ਜ਼ੋਨ, ਪਹਿਲੀ ਮੰਜਿਲ,ਪ੍ਰਬੰਧਕੀ ਬਲਾਕ, ਗੁਰੂ ਨਾਨਕ ਦੇਵ ਥਰਮਲ ਪਲਾਂਟ, (ਜੀ.ਐਨ.ਡੀ.ਟੀ.ਪੀ.), ਮਲੋਟ ਰੋਡ, ਪੀਐਸਪੀਸੀਐਲ, ਬਠਿੰਡਾ। |
| 5 | ਮੋਹਾਲੀ | | ਉੱਪ ਮੁੱਖ ਇੰਜ:/ਓਪਰੇਸ਼ਨ ਸਰਕਲ, 220 ਕੇ.ਵੀ. ਸਬ-ਸਟੇਸ਼ਨ, ਇੰਨਡਸਟ੍ਰੀਅਲ ਏਰੀਆ, ਫ਼ੇਜ਼-7, ਪੀਐਸਪੀਸੀਐਲ, ਮੋਹਾਲੀ। |
| 6 | ਪਟਿਆਲਾ | | ਕਾਨਫਰੰਸ ਹਾਲ, ਹੈਡ ਆਫਿਸ, ਮਾਲ ਰੋਡ, ਪੀ.ਐਸ.ਪੀ.ਸੀ.ਐਲ,ਪਟਿਆਲਾ। |
| 7 | ਪਟਿਆਲਾ | | ਪ੍ਰਿੰਸੀਪਲ/ਟੀ.ਟੀ.ਆਈ,ਸ਼ਕਤੀ ਵਿਹਾਰ,ਪੀ.ਐਸ.ਪੀ.ਸੀ.ਐਲ,ਪਟਿਆਲਾ। |

ਨੋਟ: ਹੋਰ ਵਧੇਰੇ ਜਾਣਕਾਰੀ ਲਈ ਉਮੀਦਵਾਰ ਨੂੰ ਨਿਰੰਤਰ ਆਪਣੀ ਰਜਿਸਟਰਡ ਈਮੇਲ ਆਈ.ਡੀ. ਅਤੇ ਪੀਐਸਪੀਸੀਐਲ ਦੀ ਵੈਬਸਾਈਟ www.pspcl.in ਚੈਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ: 30.09.2022

30/9/22

ਮੁੱਖ ਇੰਜੀ:/ਐਚ.ਆਰ.ਡੀ,
ਪੀਐਸਪੀਸੀਐਲ, ਪਟਿਆਲਾ।